*ਕਿਉਂਕਿ ਅਸੀਂ ਧਿਆਨ ਰੱਖਦੇ ਹਾਂ . . .*

ਅਸੀਂ ਬੱਚਿਆਂ ਦੀਆਂ ਲਾਗ ਵਾਲੀਆਂ ਬਿਮਾਰੀਆਂ ਦੇ ਕੁਝ ਲੱਛਣਾਂ ਤੋਂ ਰਾਖੀ ਵਿਚ ਸਥਾਨਕ ਸਿਹਤ ਡਿਸਟ੍ਰਿਕਟ ਨਾਲ ਤਾਲਮੇਲ ਕਰਦੇ ਹਾਂ। ਜੇ ਤੁਹਾਡੇ ਬੱਚੇ ਦੇ ਇਹਨਾਂ ਵਿਚੋਂ ਕੋਈ ਲੱਛਣ ਹਨ, ਤਾਂ ਕਿਰਪਾ ਕਰਕੇ ਉਸਨੂੰ ਘਰ ਵਿਚ ਰੱਖੋ ਜਾਂ ਬਾਲ-ਸੰਭਾਲ ਲਈ ਢੁਕਵੇਂ ਪ੍ਰਬੰਧ ਕਰੋ।

- **ਦਿੱਖ, ਵਿਹਾਰ** – ਅਸਾਧਾਰਣ ਤੌਰ 'ਤੇ ਥਕਾਵਟ, ਪੀਲਾਪਨ, ਭੁੱਖ ਨਾ ਲੱਗਣਾ, ਜਾਗਣ ਵਿਚ ਮੁਸ਼ਕਿਲ, ਭਮੰਤਰਿਆ ਜਾਂ ਖਿੱਝਿਆ ਹੋਇਆ। ਇਹ ਇਕ ਬੱਚੇ ਨੂੰ ਸਕੂਲ ਤੋਂ ਬਾਹਰ ਰੱਖਣ ਲਈ ਕਾਫ਼ੀ ਢੁਕਵਾਂ ਕਾਰਨ ਹੈ।
- **ਅੱਖਾਂ** – ਅੱਖਾਂ 'ਚੋਂ ਮੋਟੀ-ਮੋਟੀ ਗਿੱਡ ਜਾਂ ਪੀਕ ਵਗਣਾ ਜਾਂ ਲਾਲ ਅੱਖ (ਅੱਖਾਂ ਆਉਣਾ)।
- **ਬੁਖ਼ਾਰ** – 100 ਡਿਗ੍ਰੀ ਫ਼ਾਰਨਹਾਈਟ ਜਾਂ ਵੱਧ ਦਾ ਤਾਪਮਾਨ।
- **ਹਰਾ ਸੀਂਢ ਨਿਕਲਣਾ ਅਤੇ/ਜਾਂ ਪੁਰਾਣੀ ਖੰਘ** – ਸਿਹਤ ਸੰਭਾਲ ਮੁਹਈਆ ਕਰਨ ਵਾਲੇ ਵਲੋਂ ਵੇਖਿਆ ਜਾਣਾ ਚਾਹੀਦਾ ਹੈ। ਇਹ ਸਥਿਤੀਆਂ ਲਾਗ ਵਾਲੀਆਂ ਹੋ ਸਕਦੀਆਂ ਹਨ ਅਤੇ ਇਲਾਜ ਦੀ ਲੋੜ ਪੈ ਸਕਦੀ ਹੈ।
- **ਗਲਾ ਖ਼ਰਾਬ** – ਖ਼ਾਸ ਤੌਰ 'ਤੇ ਬੁਖ਼ਾਰ ਜਾਂ ਗਲੇ ਵਿਚ ਗ੍ਰੰਥੀਆਂ ਦੀ ਸੋਜਿਸ਼ ਨਾਲ।
- **ਡਾਇਰੀਆ** – 24 ਘੰਟੇ ਦੇ ਵਕਫ਼ੇ ਵਿਚ 3 ਜਾਂ ਵੱਧ ਵਾਰੀ ਪਾਣੀ ਵਾਲੀ ਟੱਟੀ, ਖ਼ਾਸ ਤੌਰ 'ਤੇ ਜਦੋਂ ਬੱਚਾ ਬਿਮਾਰ ਵਰਗੀਆਂ ਹਰਕਤਾਂ ਕਰਦਾ ਜਾਂ ਲੱਗਦਾ ਹੈ।
- **ਉਲਟੀ ਆਉਣਾ** – ਪਿਛਲੇ 24 ਘੰਟਿਆਂ ਦੇ ਅੰਦਰ-ਅੰਦਰ 2 ਜਾਂ ਵਧੇਰੇ ਵਾਰੀ ਉਲਟੀ ਕਰਨਾ।
- **ਧੱਫੜ** – ਸਰੀਰ 'ਤੇ ਧੱਫੜ, ਖ਼ਾਸ ਤੌਰ 'ਤੇ ਬੁਖ਼ਾਰ ਜਾਂ ਖੁਰਕ ਨਾਲ। ਡਾਇਪਰ (ਪੋਤੜੇ) ਨਾਲ ਧੱਫੜ, ਗਰਮੀ ਨਾਲ ਧੱਫੜ ਅਤੇ ਅਲਰਜੀ ਪ੍ਰਤੀਕਰਮ ਲਾਗ ਵਾਲੇ ਨਹੀਂ ਹਨ।
- **ਬਿਨਾ ਬੁਖ਼ਾਰ ਦੇ ਕੰਨ ਦੀਆਂ ਲਾਗਾਂ** – ਬਾਹਰ ਰੱਖਣ ਦੀ ਲੋੜ ਨਹੀਂ ਹੈ, ਪਰ ਬੱਚੇ ਨੂੰ ਡਾੱਕਟਰੀ ਇਲਾਜ ਅਤੇ ਪੈਰਵੀ ਦੀ ਲੋੜ ਹੈ। ਕੰਨਾਂ ਦੀਆਂ ਬਿਨਾ ਇਲਾਜ ਵਾਲੀਆਂ ਲਾਗਾਂ ਨਾਲ, ਕੰਨਾਂ ਦੀ ਸੁਣਨ-ਸ਼ਕਤੀ ਦਾ ਸਥਾਈ ਨੁਕਸਾਨ ਹੋ ਸਕਦਾ ਹੈ।
- **ਜੂੰਆਂ, ਖ਼ਾਰਸ਼** – ਬੱਚੇ, ਜਦ ਤੱਕ ਇਲਾਜ ਨਹੀਂ ਹੋ ਜਾਂਦਾ ਅਤੇ ਜੂੰਆਂ ਅਤੇ ਲੀਖਾਂ (ਆਂਡੇ) ਖ਼ਤਮ ਨਹੀਂ ਹੋ ਜਾਂਦੀਆਂ, ਸਕੂਲ ਵਾਪਸ ਨਹੀਂ ਆ ਸਕਦੇ।

**ਜੇ ਤੁਹਾਡੇ ਬੱਚੇ ਵਿਚ, ਸਕੂਲ ਵਿਚ ਉਪਰੋਕਤ ਲੱਛਣਾਂ 'ਚੋਂ ਕੋਈ ਵੀ ਨਜ਼ਰ ਆਉਂਦਾ ਹੈ, ਤਾਂ ਉਸਨੂੰ ਸਕੂਲ ਤੋਂ ਲੈਣਾ ਜ਼ਰੂਰੀ ਹੋਏਗਾ।**

- *ਉਪਰੋਕਤ ਲੱਛਣਾਂ ਵਿਚੋਂ ਕਿਸੇ ਇੱਕ ਨਾਲ ਬੱਚੇ ਨੂੰ ਸਕੂਲ ਲਿਆਉਣ ਨਾਲ ਹੋਰਨਾਂ ਬੱਚਿਆਂ ਅਤੇ ਸਟਾਫ਼ ਦੇ ਬਿਮਾਰ ਹੋਣ ਦਾ ਖ਼ਤਰਾ ਹੁੰਦਾ ਹੈ।*
- *ਜੇ ਸਾਰੇ ਮਾਤਾ-ਪਿਤਾ, ਆਪਣੇ ਬਿਮਾਰ ਬੱਚਿਆਂ ਨੂੰ ਘਰ ਵਿਚ ਰੱਖਦੇ ਹਨ, ਤਾਂ ਸਾਡੇ ਕੋਲ ਨਰੋਏ, ਸਿਹਤਮੰਦ, ਅਤੇ ਹੱਸਦੇ-ਖੇਡਦੇ ਬੱਚੇ ਹੋਣਗੇ।*
- *ਅਸੀਂ ਹਾਲਾਂਕਿ ਇਸ ਕਾਰਣ, ਭਵਿੱਖ ਵਿਚ ਅੱਗੇ ਕਿਸੇ ਪਰੇਸ਼ਾਨੀ ਲਈ ਅਫ਼ਸੋਸ ਪ੍ਰਗਟ ਕਰਦੇ ਹਾਂ, ਇਸਦਾ ਅਰਥ ਹੈ, ਕੰਮ ਵਾਲੇ ਦਿਨਾਂ ਦਾ ਘੱਟ ਨੁਕਸਾਨ ਅਤੇ ਮਾਤਾ-ਪਿਤਾ ਲਈ ਵੀ ਘੱਟ ਬਿਮਾਰੀ।*

ਧੰਨਵਾਦ,

______________________________ ਸਿਹਤ ਸਟਾਫ਼


© 2008 TransACT Communications, Inc.